Punjab Government Gazette

Published by Authority

No. 21] CHANDIGARH, FRIDAY, MAY 22, 2026 (JYAISTHA 1, 1948 SAKA)

PART I

Punjab Government Notifications and Orders

ਰਾਜ ਚੋਣ ਕਮਿਸ਼ਨ, ਪੰਜਾਬ
STATE ELECTION COMMISSION, PUNJAB

✉: secpb@punjab.gov.in
https://sec.punjab.gov.in

ਐਸ.ਸੀ.ਓ: ,49ਸੈਕਟਰ 17-ਈ ,ਚੰਡੀਗੜ੍ਹ, 160017.
☎: 0172- 2771226, 2710162.

NOTIFICATION

The 16th May, 2026

No. SEC/SAP/ET/2025/835.-In pursuance of the provisions of Section 93 of the Punjab State Election Commission Act, 1994, the State Election Commission hereby notifies the order of the Election Tribunal, Jalalabad, Distt. Fazilka for general information.

ਬਾ-ਅਦਾਲਤ ਸ਼੍ਰੀ ਕੰਵਰਜੀਤ ਸਿੰਘ ਪੀ.ਸੀ.ਐਸ. ਉਪ ਮੰਡਲ ਮੈਜਿਸਟਰੇਟ-ਕਮ-ਚੋਣ ਟ੍ਰਿਬਿਉਨਲ ਜਲਾਲਾਬਾਦ

ਕੇਸ ਨੰਬਰ	ਦਾਇਰੀ ਮਿਤੀ	ਅਪੀਲ ਕਿਸਮ	ਫੈਸਲਾ ਮਿਤੀ
20/ਚੋਣਾਂ	29-11-2024	ਚੋਣ ਪਟੀਸ਼ਨ	06-05-2026

ਬਿਮਲਾ ਰਾਣੀ ਉਮਰ ਲਗਭਗ 49 ਸਾਲ ਪਤਨੀ ਦਲੀ ਚੰਦ ਵਾਸੀ ਪਿੰਡ ਬੱਲੂਆਣਾ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ।

.....ਪਟੀਸ਼ਨਰ

ਬਨਾਮ

1.ਸੋਨੀਆ ਰਾਣੀ (ਪੁੱਤਰੀ ਰਾਜ ਕੁਮਾਰ ਚੁੱਘ ਪੁੱਤਰ ਦਿਆਲ ਚੰਦ) ਪਤਨੀ ਅਨਿਲ ਕੁਮਾਰ ਪੁੱਤਰ ਤਿਲਕ ਰਾਜ ਵਾਸੀ ਪਿੰਡ ਬੱਲੂਆਣਾ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ।

2.ਪ੍ਰਜਾਇੰਡਿਗ ਅਫਸਰ ਗ੍ਰਾਮ ਪੰਚਾਇਤ ਬੱਲੂਆਣਾ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ।

3.ਰਿਟਰਨਿੰਗ ਅਫਸਰ ਗ੍ਰਾਮ ਬੱਲੂਆਣਾ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ।

.....ਰਿਸਪਾਡੈਂਟਸ

ਚੋਣ ਪਟੀਸ਼ਨ ਅਧੀਨ ਧਾਰਾ 76,89 ਆਫ ਦੀ ਪੰਜਾਬ ਸਟੇਟ ਇਲੈਕਸ਼ਨ ਕਮਿਸ਼ਨ ਐਕਟ 1994 ਸਮੇਤ ਪੰਚਾਇਤੀ ਚੋਣਾਂ ਰੂਲ 1994, ਬਾਬਤ ਚੋਣ ਸਰਪੰਚੀ ਪਿੰਡ ਬੱਲੂਆਣਾ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਜਿਸ ਰਾਹੀਂ ਰਿਸਪਾਡੈਂਟ ਨੰਬਰ 01 ਦੇ ਹੱਕ ਵਿਚ ਚੋਣ ਨਤੀਜ਼ਾ ਘੋਸ਼ਿਤ ਕੀਤਾ, ਜਿਸ ਰਾਹੀਂ ਰਿਸਪਾਡੈਂਟ ਨੰਬਰ 01 ਗਲਤ ਤਰੀਕੇ ਨਾਲ ਪਿੰਡ ਬੱਲੂਆਣਾ ਦੀ ਸਰਪੰਚ ਚੁਣੀ ਗਈ। ਬਾਬਤ ਮੰਨਜੂਰ ਕੀਤੇ ਜਾਨੇ ਚੋਣ ਪਟੀਸ਼ਨ ਅਤੇ ਰਿਸਪਾਡੈਂਟ ਨੰਬਰ 01 ਦੀ ਸਰਪੰਚੀ ਖਤਮ ਕੀਤੀ ਜਾਵੇ।

ਹਾਜ਼ਰ: 1. ਸ਼੍ਰੀ ਕਰਨ ਚੁਚਰਾ ਕੋਂਸਲ ਪਟੀਸ਼ਨਰ ਬਿਮਲਾ ਰਾਣੀ।

2. ਸ਼੍ਰੀ ਸੁਰਿੰਦਰ ਸਚਦੇਵਾ ਕੋਂਸਲ ਰਿਸਪਾਡੈਂਟ ਨੰਬਰ 01 ਸੋਨੀਆ ਰਾਣੀ।

ਹੁਕਮ:

ਪਟੀਸ਼ਨਰ ਨੇ ਇਹ ਪਟੀਸ਼ਨ ਆਪਣੇ ਕੋਂਸਲ ਰਾਹੀਂ ਇਸ ਅਦਾਲਤ ਵਿਚ ਪੇਸ਼ ਕਰਕੇ ਬੇਨਤੀ ਕੀਤੀ ਕਿ ਉਹ ਪਿੰਡ ਬੁੱਲੂਆਣਾ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਦੀ ਵਸਨੀਕ ਹੈ, ਅਤੇ ਖਟੀਕ ਜਾਤੀ ਨਾਲ ਸਬੰਧ ਰੱਖਦੀ ਹੈ ਜੋ ਕਿ ਅਨੁਸੂਚਿਤ ਜਾਤੀ ਦੀ ਸ਼੍ਰੇਣੀ ਵਿਚ ਹੈ। ਪਿੰਡ ਬੱਲੂਆਣਾ ਵਿਚ ਹੋਈਆਂ ਪੰਚਾਇਤੀ ਚੋਣਾਂ ਮਿਤੀ 15-10-2024 ਵਿਚ ਸਰਪੰਚ ਦੀ ਅਸਾਮੀ ਲਈ ਅਨੁਸੂਚਿਤ ਜਾਤੀ (ਔਰਤ) ਨੂੰ ਰਾਖਵੀ ਸ਼੍ਰੇਣੀ ਵਿਚ ਰੱਖਿਆ ਗਿਆ ਸੀ, ਜਿਸ ਵਿਚ ਪਟੀਸ਼ਨਰ ਨੂੰ 360 ਵੋਟਾਂ ਪ੍ਰਾਪਤ ਹੋਈਆਂ ਸਨ ਅਤੇ ਉਹ ਦੂਜੇ ਨੰਬਰ ਤੇ ਆਈ ਸੀ। ਰਿਸਪਾਡੈਂਟ ਨੰਬਰ 01 ਨੇ ਵੀ ਇਹ ਚੋਣ ਲੜੀ ਸੀ ਅਤੇ ਉਸ ਨੂੰ 369 ਵੋਟਾਂ ਪ੍ਰਾਪਤ ਹੋਈਆਂ ਸਨ, ਜਿਸ ਕਰਕੇ ਰਿਸਪਾਡੈਂਟ ਨੰਬਰ 01 ਨੂੰ ਗ੍ਰਾਮ ਪੰਚਾਇਤ ਪਿੰਡ ਬੱਲੂਆਣਾ ਦਾ ਸਰਪੰਚ ਐਲਾਨਿਆ ਗਿਆ ਸੀ।

2. ਪ੍ਰੰਤੂ ਰਿਸਪਾਡੈਂਟ ਨੰਬਰ 01 ਦੇ ਮਾਤਾ ਪਿਤਾ (ਚੁੱਘ ਉਪ ਜਾਤੀ) ਜਨਰਲ ਜਾਤੀ ਨਾਲ ਸਬੰਧ ਰੱਖਦੇ ਹਨ ਅਤੇ ਉਸ ਨੇ (ਇੰਟਰ ਕਾਸਟ) ਸ਼ਾਦੀ ਕੀਤੀ ਸੀ, ਉਸ ਦੇ ਪਤੀ ਦਾ ਪਤੀ ਅਨੁਸੂਚਿਤ ਜਾਤੀ (ਰਵੀਦਾਸੀਆ) ਨਾਲ ਸਬੰਧ ਰੱਖਦਾ ਹੈ। ਰਿਸਪਾਡੈਂਟ ਨੰਬਰ 01 ਨੇ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ (FZK/SC/2024/N/66871451) ਜਾਰੀ ਕਰਵਾ ਕੇ ਨਾਮਜ਼ਦਗੀ ਪਰਚਾ ਦਾਖਲ ਕੀਤਾ, ਜਦਕਿ ਰਿਸਪਾਡੈਂਟ ਨੰਬਰ 01 (ਚੁੱਘ) ਜਨਰਲ ਜਾਤੀ ਨਾਲ ਸਬੰਧ ਰੱਖਦੀ ਹੈ, ਕਿਉਂਕਿ ਉਹ ਜਨਰਲ ਜਾਤੀ ਦੇ ਘਰ ਪੈਦਾ ਹੋਈ ਹੈ ਅਤੇ ਉਸ ਦਾ ਅਨੁਸੂਚਿਤ ਜਾਤੀ ਨਾਲ ਕੋਈ ਸਬੰਧ ਨਾ ਹੈ। ਪਟੀਸ਼ਨਰ ਨੇ ਆਪਣੀ ਦਰਖਾਸਤ ਦੇ ਅਖੀਰ ਵਿਚ ਬੇਨਤੀ ਕੀਤੀ ਹੈ ਕਿ ਰਿਸਪਾਡੈਂਟ ਨੰਬਰ 01 ਨੂੰ ਗ੍ਰਾਮ ਪੰਚਾਇਤ ਪਿੰਡ ਬੱਲੂਆਣਾ ਬਲਾਕ ਜਲਾਲਾਬਾਦ ਦੇ ਸਰਪੰਚ ਦੇ ਅਹੁਦੇ ਤੋਂ ਹਟਾਇਆ ਜਾਵੇ ਅਤੇ ਪਟੀਸ਼ਨਰ ਨੂੰ ਸਰਪੰਚ ਘੋਸ਼ਿਤ ਕੀਤਾ ਜਾਵੇ।

3. ਪਟੀਸ਼ਨਰ ਦੀ ਇਹ ਪਟੀਸ਼ਨ ਇਸ ਅਦਾਲਤ ਵਿਚ ਦਾਇਰ ਹੋਣ ਤੇ ਦੂਜੀ ਧਿਰ ਨੂੰ ਸਧਾਰਨ ਸੰਮਨ ਰਾਹੀਂ ਤਲਬ ਕੀਤਾ ਗਿਆ, ਰਿਸਪਾਡੈਂਟ ਨੰਬਰ 2 ਤੇ 3 ਨੇ ਹਾਜ਼ਰ ਅਦਾਲਤ ਆ ਕੇ ਆਪਣਾ ਲਿਖਤੀ ਜੁਆਬ ਪੇਸ਼ ਕੀਤਾ। ਰਿਸਪਾਡੈਂਟ ਨੰਬਰ 01 ਵੱਲੋਂ ਵਕੀਲ ਸ਼੍ਰੀ ਸੰਜੇ ਕੁਮਾਰ ਰਾਜੋਰੀਆ ਨੇ ਆਪਣਾ ਮੀਮੋ ਪੇਸ਼ ਕੀਤਾ, ਜਿਸ ਨੂੰ ਲਿਖਤੀ ਜੁਆਬ ਦਾਵਾ ਪੇਸ਼ ਕਰਨ ਲਈ ਕਿਹਾ ਗਿਆ, ਪ੍ਰੰਤੂ ਵਾਰ-ਵਾਰ ਮੌਕੇ ਦੇਣ ਅਤੇ ਆਖਰੀ ਮੌਕਾ ਦੇਣ ਦੇ ਬਾਵਜੂਦ ਵੀ ਨਾ ਤਾਂ ਜੁਆਬ ਦਾਵਾ ਪੇਸ਼ ਕੀਤਾ ਗਿਆ ਅਤੇ ਨਾ ਹੀ ਵਕਾਲਤਨਾਮਾ ਪੇਸ਼ ਹੋਇਆ, ਮਿਤੀ 15-04-2026 ਨੂੰ ਰਿਸਪਾਡੈਂਟ ਨੰਬਰ 01 ਵੱਲੋਂ ਸ਼੍ਰੀ ਸੁਰਿੰਦਰ ਕੁਮਾਰ ਸਚਦੇਵਾ ਵਕੀਲ ਨੇ ਆਪਣਾ ਵਕਾਲਤਨਾਮਾ ਪੇਸ਼ ਕੀਤਾ, ਜਿਸ ਨੂੰ ਵੀ ਜੁਆਬ ਦਾਵਾ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ, ਪ੍ਰੰਤੂ ਅੱਜ ਤੱਕ ਜੁਆਬ ਦਾਵਾ ਪੇਸ਼ ਨਾ ਕੀਤਾ ਗਿਆ ਹੈ।

4. ਰਸਪਾਡੈਂਟ ਨੰਬਰ 01 ਸੋਨੀਆ ਰਾਣੀ ਦੇ ਅਨੁਸੂਚਿਤ ਜਾਤੀ ਸਰਟੀਫਿਕੇਟ ਦੀ ਪੜਤਾਲ ਜਾਰੀ ਕਰਨ ਵਾਲੀ ਅਥਾਰਟੀ, ਤਹਿਸੀਲਦਾਰ ਜਲਾਲਾਬਾਦ ਪਾਸੋਂ ਕਰਵਾ ਕੇ ਰਿਪੋਰਟ ਲਈ ਗਈ, ਜਿਸ ਰਾਹੀਂ ਤਹਿਸੀਲਦਾਰ ਨੇ ਆਪਣੇ ਦਫਤਰ ਦੇ ਪੱਤਰ ਨੰਬਰ 23 ਮਿਤੀ 28/02/2025 ਰਾਹੀ ਰਿਪੋਰਟ ਇਸ ਦਫਤਰ ਨੂੰ ਭੇਜੀ ਕਿ ਸੋਨੀਆਂ ਰਾਣੀ ਪਤਨੀ ਅਨਿਲ ਕੁਮਾਰ ਵਾਸੀ ਬਲੂਆਣਾ ਨੇ ਸਰਟੀਫਿਕੇਟ ਨੰਬਰ 4864 ਮਿਤੀ 23/08/2013 ਤੱਥਾਂ ਨੂੰ ਛੁੱਪਾ ਕੇ ਜਾਰੀ ਕਰਵਾਇਆ ਸੀ, ਇਸ ਸਰਟੀਫਿਕੇਟ ਦੇ ਅਧਾਰ ਤੇ ਹੀ ਸੋਨੀਆ ਰਾਣੀ ਨੇ ਸਾਲ 2024 ਵਿਚ ਦੁਬਾਰਾ ਅਨੂਸੁਚਿਤ ਜਾਤੀ ਦਾ ਸਰਟੀਫਿਕੇਟ ਅਪਲਾਈ ਕਰਕੇ ਸਰਟੀਫਿਕੇਟ ਨੰਬਰ ES21554024 ਮਿਤੀ 03/10/2024 ਜਾਰੀ ਕਰਵਾ ਲਿਆ ਹੈ।ਇਸ ਤੋਂ ਇਲਾਵਾ ਤਹਿਸੀਲਦਾਰ ਜਲਾਲਾਬਾਦ ਵਲੋਂ ਅਲੱਗ ਤੋਂ ਸਰਟੀਫਿਕੇਟ ਰੱਦ ਕਰਨ ਹੁਕਮ ਜਾਰੀ ਕਰਕੇ

ਆਪਣੇ ਦਫਤਰ ਦੇ ਪਿੱਠ ਅੰਕਨ ਪੱਤਰ ਨੰ:2025/ਵਬਨ/155-56 ਮਿਤੀ 28/10/2025 ਰਾਹੀ ਇਸ ਦਫਤਰ ਨੂੰ ਸੂਚਿਤ ਕੀਤਾ ਕਿ ਸੋਨੀਆ ਰਾਣੀ ਪਤਨੀ ਅਨਿਲ ਕੁਮਾਰ ਵਾਸੀ ਬੱਲੂਆਣਾ ਦਾ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਨੰਬਰ FZK/SC/2024/N/66871451 ਰੱਦ ਕਰ ਦਿੱਤਾ ਗਿਆ ਹੈ। ਤਹਿਸੀਲਦਾਰ ਜਲਾਲਾਬਾਦ ਵੱਲੋਂ ਇਸ ਹੁਕਮ ਦੀ ਇਕ ਕਾਪੀ ਸੋਨੀਆਂ ਰਾਣੀ ਨੂੰ ਭੇਜ ਕੇ ਹਦਾਇਤ ਕੀਤੀ ਗਈ ਕਿ ਉਹ ਉਕਤ ਸਰਟੀਫਿਕੇਟ ਉਹਨਾਂ ਦੇ ਦਫਤਰ ਵਿਚ ਜਮਾਂ ਕਰਵਾ ਦੇਵੇ ਅਤੇ ਭਵਿੱਖ ਵਿਚ ਇਸ ਦੀ ਵਰਤੋ ਕਿਤੇ ਵੀ ਨਾ ਕਰੇ।

5. ਤਹਿਸੀਲਦਾਰ ਜਲਾਲਾਬਾਦ ਦੀ ਰਿਪੋਰਟ ਪ੍ਰਾਪਤ ਹੋਣ ਤੋ ਬਾਅਦ ਕੌਂਸਲ ਧਿਰਾਂ ਨੂੰ ਸੁਣਿਆ ਗਿਆ। ਰਿਸਪਾਡੈਂਟ ਨੰਬਰ 01 ਸੋਨੀਆ ਰਾਣੀ ਵੱਲੋਂ ਕੋਂਸਲ ਹਾਜਰ ਅਦਾਲਤ ਆਇਆ, ਪਰੰਤੂ ਉਹਨਾਂ ਵਲੋਂ ਕੋਈ ਵੀ ਲਿਖਤੀ ਜਵਾਬ ਪੇਸ਼ ਨਹੀਂ ਕੀਤਾ ਗਿਆ ਅਤੇ ਨਾ ਹੀ ਪਟੀਸ਼ਨਰ ਦੀ ਬਹਿਸ ਦਾ ਕੋਈ ਜਵਾਬ ਦਿੱਤਾ ਗਿਆ।

6. ਕੌਂਸਲ ਪਟੀਸ਼ਨਰ ਨੇ ਆਪਣੀ ਸੁਣਵਾਈ ਦੌਰਾਨ ਪਟੀਸ਼ਨ ਵਿਚ ਦਰਜ ਤੱਥਾਂ ਨੂੰ ਦੁਹਰਾਇਆ ਅਤੇ ਕਿਹਾ ਕਿ ਰਸਪਾਂਡੈਟ ਨੰਬਰ 01 ਜੋ ਕਿ ਜਨਰਲ ਜਾਤੀ ਨਾਲ ਸਬੰਧ ਰਖਦੀ ਹੈ ਪਰ ਉਸ ਵਲੋਂ ਤਹਿਸੀਲਦਾਰ ਜਲਾਲਾਬਾਦ ਪਾਸ ਗਲਤ ਤੋਰ ਤੇ ਬਿਆਨਬਾਜ਼ੀ ਕਰਕੇ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕਰਵਾ ਕੇ ਪਿੰਡ ਬਲੂਆਣਾ ਦੀ ਸਰਪੰਚੀ ਦੀ ਚੋਣ ਜਿੱਤੀ ਹੈ। ਕੌਂਸਲ ਪਟੀਸ਼ਨਰ ਨੇ ਆਪਣੀ ਬਹਿਸ ਵਿਚ ਮਾਨਯੋਗ ਕਰਨਾਟਿਕਾ ਹਾਈ ਕੋਰਟ ਵੱਲੋਂ ਪਾਸ ਕੀਤੇ ਗਏ ਹੁਕਮ ਮਿਤੀ 18/01/2011, ਰਿੱਟ ਪਟੀਸ਼ਨਰ ਨੰਬਰ 36558 ਆਫ 2010, ਸ੍ਰੰਥਾ ਨਾਇਕ ਬਨਾਮ ਰਾਜੀਵੀ ਅਤੇ ਹੋਰ, ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਕੇਸ ਸਿਵਲ ਅਪੀਲ ਨੰਬਰ 654 ਆਫ 2012 ਰਮੇਸ਼ਭਾਈ ਡਾਭਾਈ ਨਾਇਕਾ ਬਨਾਮ ਗੁਜਰਾਤ ਸਟੇਟ ਅਤੇ ਹੋਰ ਵਿਚ ਕੀਤੇ ਗਏ ਹੁਕਮ ਮਿਤੀ 18/01/2012 ਅਤੇ ਸਿਵਲ ਅਪੀਲ ਨੰਬਰ 487 ਆਫ 2018 ਸੁਨੀਤਾ ਸਿੰਘ ਬਨਾਮ ਉਤੱਰ ਪ੍ਰਦੇਸ਼ ਸਰਕਾਰ ਅਤੇ ਹੋਰ ਵਿਚ ਕੀਤੇ ਗਏ ਹੁਕਮ ਮਿਤੀ 18/01/2018 ਵੱਲ ਧਿਆਨ ਦਿਵਾਉਂਦੇ ਹੋਏ ਕਿਹਾ ਕਿ ਜਾਤੀ ਜਨਮ ਨਾਲ ਸਬੰਧ ਰੱਖਦੀ ਹੈ, ਕਿਸੇ ਨਾਲ ਵਿਆਹ ਕਰਨ ਨਾਲ ਜਾਤੀ ਨਹੀਂ ਬਦਲ ਸਕਦੀ। ਇਸ ਤਰਾਂ ਰਿਸਪਾਂਡੈਟ ਨੰਬਰ 01 ਨੇ ਗਲਤ ਤੋਰ ਤੇ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕਰਵਾ ਕੇ ਗ੍ਰਾਮ ਪੰਚਾਇਤ ਪਿੰਡ ਬੱਲੂਆਣਾ ਦੀ ਰਾਖਵੀਂ ਸ਼੍ਰੇਣੀ ਦੀ ਅਸਾਮੀ (ਔਰਤ ਅਨੁਸੂਚਿਤ ਜਾਤੀ) ਦੀ ਸਰਪੰਚੀ ਦੀ ਚੋਣ ਜਿੱਤੀ ਹੈ। ਇਸ ਲਈ ਰਿਸਪਾਂਡੈਂਟ ਨੰਬਰ 01 ਨੂੰ ਇਸ ਅਹੁੱਦੇ ਤੇ ਰਹਿਣ ਦਾ ਕੋਈ ਹੱਕ ਨਹੀ ਹੈ, ਉਸ ਦਾ ਹੱਕ ਖਤਮ ਕੀਤਾ ਜਾਵੇ ਅਤੇ ਪਟੀਸ਼ਨਰ ਜਿਸ ਨੇ ਇਸ ਚੋਣ ਵਿਚ 360 ਵੋਟਾਂ ਹਾਸਲ ਕਰਕੇ ਦੂਜਾ ਸਥਾਨ ਹਾਸਿਲ ਕੀਤਾ ਹੈ, ਨੂੰ ਪਿੰਡ ਬੱਲੂਆਣਾ ਬਲਾਕ ਜਲਾਲਾਬਾਦ ਦਾ ਸਰਪੰਚ ਐਲਾਨਿਆ ਜਾਵੇ।

7. ਦੋਹਾਂ ਧਿਰਾਂ ਨੂੰ ਸੁਣਨ ਅਤੇ ਮਿਸਲ ਤੇ ਆਏ ਸਬੂਤ ਵਾ ਰਿਪੋਰਟਾਂ ਨੂੰ ਵਾਚਣ ਤੋਂ ਬਾਅਦ ਇਹ ਅਦਾਲਤ ਇਸ ਨਤੀਜੇ ਤੇ ਪੁੱਜੀ ਹੈ ਕਿ ਰਿਸਪਾਂਡੈਟ ਨੰਬਰ 01 ਸੋਨੀਆ ਰਾਣੀ ਪੁੱਤਰੀ ਰਾਜ ਕੁਮਾਰ ਜੋ ਕਿ ਜਨਰਲ ਜਾਤੀ ਨਾਲ ਸਬੰਧ ਰੱਖਦੀ ਹੈ ਅਤੇ ਉਸ ਨੇ ਅਨੁਸੂਚਿਤ ਜਾਤੀ ਵਿਚ ਅਨਿਲ ਕੁਮਾਰ ਨਾਲ ਸ਼ਾਦੀ ਕਰਵਾਈ ਸੀ, ਜਿਸ ਕਰਕੇ ਸੋਨੀਆ ਰਾਣੀ ਨੇ ਗਲਤ ਤੱਥਾਂ ਦੇ ਅਧਾਰ ਤੇ ਦਫਤਰ ਤਹਿਸੀਲਦਾਰ ਜਲਾਲਾਬਾਦ ਪਾਸੋਂ ਪਹਿਲਾਂ ਸਾਲ 2013 ਵਿਚ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਨੰਬਰ 4864 ਮਿਤੀ 23/08/2013 ਜਾਰੀ ਕਰਵਾਇਆ ਅਤੇ ਇਸ ਦੇ ਅਧਾਰ ਤੇ ਹੀ ਸਰਟੀਫਿਕੇਟ ਨੰਬਰ FZK/SC/2024/N/66871451(SC) ਜਾਰੀ ਕਰਵਾਇਆ, ਜਿਸ ਦੇ ਅਧਾਰ ਤੇ ਸੋਨੀਆ ਰਾਣੀ ਇਹ ਚੋਣ ਜਿੱਤ ਕੇ ਗ੍ਰਾਮ ਪੰਚਇਤ ਪਿੰਡ ਬੱਲੂਆਣਾ ਦੀ ਸਰਪੰਚ ਬਣੀ ਹੈ, ਪਰੰਤੂ ਸੋਨੀਆ ਰਾਣੀ ਨੇ ਜਿਸ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਦੇ ਅਧਾਰ ਤੇ ਇਹ ਚੋਣ ਲੜੀ ਸੀ, ਉਹ ਅਨੂਸੁਚਿਤ ਜਾਤੀ ਦਾ ਸਰਟੀਫਿਕੇਟ ਤਹਿਸੀਲਦਾਰ ਜਲਾਲਾਬਾਦ ਵੱਲੋਂ ਪੜਤਾਲ ਕਰਨ ਉਪਰੰਤ ਰੱਦ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਰਿਸਪਾਡੈਂਟ ਸੋਨੀਆਂ ਰਾਣੀ ਨੇ ਗਲਤ ਦਸਤਾਵੇਜ਼ਾਂ ਦੇ ਅਧਾਰ ਤੇ ਸਰਪੰਚੀ ਦੀ ਚੋਣ ਲੜੀ ਹੈ ਅਤੇ ਜਿੱਤ ਹਾਸਿਲ ਕੀਤੀ ਹੈ, ਉਸ ਨੂੰ ਇਸ ਅਹੁਦੇ ਤੇ ਰਹਿਣ ਦਾ ਕੋਈ ਅਧਿਕਾਰ ਨਾ ਹੈ। ਮੈਂ ਕੌਂਸਲ ਪਟੀਸ਼ਨਰ ਵੱਲੋਂ ਦਿਤੀਆਂ ਗਈਆਂ ਦਲੀਲਾਂ ਨਾਲ ਸਹਿਮਤ ਹਾਂ ਕਿ ਜਾਤੀ ਸਿਰਫ ਜਨਮ ਨਾਲ ਸਬੰਧਤ ਹੁੰਦੀ ਹੈ, ਕਿਸੇ ਦੂਜੀ ਜਾਤੀ ਵਿਚ ਵਿਆਹ ਕਰਾਉਣ ਨਾਲ ਜਾਤੀ ਨਹੀਂ ਬਦਲ ਸਕਦੀ। ਇਸ ਲਈ ਪਟੀਸ਼ਨਰ ਦੀ ਇਹ ਚੋਣ ਪਟੀਸ਼ਨ ਮੰਜੂਰ ਕੀਤੀ ਜਾਂਦੀ ਹੈ। ਰਿਸਪਾਡੈਂਟ ਸੋਨੀਆ ਰਾਣੀ ਦੀ ਨਾਮਜ਼ਦਗੀ ਬਤੌਰ ਸਰਪੰਚ ਅਨੁਸੂਚਿਤ ਜਾਤੀ (ਔਰਤ) ਗ੍ਰਾਮ ਪੰਚਾਇਤ ਪਿੰਡ ਬੱਲੂਆਣਾ ਬਲਾਕ ਜਲਾਲਾਬਾਦ (ਪੰਚਾਇਤੀ ਚੋਣਾਂ-2024) ਰੱਦ ਕੀਤੀ ਜਾਂਦੀ ਹੈ, ਅਤੇ ਫਾਰਮ ਨੰਬਰ 09 ਵਾ ਅੰਤਿਕਾ ਨੰਬਰ 09 ਮੁਤਾਬਿਕ ਰਿਸਪਾਡੈਂਟ ਸੋਨੀਆਂ ਰਾਣੀ ਤੋਂ ਬਾਅਦ ਦੂਜਾ ਸਥਾਨ ਹਾਸਿਲ ਕਰਨ ਵਾਲੇ ਉਮੀਦਵਾਰ ਬਿਮਲਾ ਰਾਣੀ ਪਤਨੀ ਦੁਲੀ ਚੰਦ ਨੂੰ ਗ੍ਰਾਮ ਪੰਚਾਇਤ ਪਿੰਡ ਬੱਲੂਆਣਾ ਬਲਾਕ ਜਲਾਲਾਬਾਦ ਦਾ ਸਰਪੰਚ ਘੋਸ਼ਿਤ ਕੀਤਾ ਜਾਂਦਾ ਹੈ। ਹੁਕਮ ਦੀ ਕਾਪੀ ਮਾਨਯੋਗ ਰਾਜ ਚੋਣ ਕਮਿਸ਼ਨ ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਨੂੰ ਅਤੇ ਜ਼ਿਲ੍ਹਾ ਚੋਣ ਅਫਸਰ ਫਾਜ਼ਿਲਕਾ ਜੀ ਨੂੰ ਅਗਲੀ ਕਾਰਵਾਈ ਲਈ ਭੇਜੀ ਜਾਵੇ। ਮਿਸਲ ਬਾਅਦ ਤਰਤੀਬ ਵਾ ਤਕਮੀਲ ਦਾਖਲ ਰਿਕਾਰਡ ਰੂਮ ਹੋਵੇ। ਹੁਕਮ ਖੁੱਲੀ ਅਦਾਲਤ ਵਿਚ ਸੁਣਾਇਆ ਗਿਆ।

ਸਹੀ/-
ਉਪ ਮੰਡਲ ਮੈਜਿਸਟਰੇਟ ਕਮ
ਚੋਣ ਟ੍ਰਿਬਿਉਨਲ ਜਲਾਲਾਬਾਦ।

ਮਿਤੀ 6 ਮਈ, 2026

3722/5-2026/Pb.Govt.Press, S.A.S. Nagar